ਦਫਤਰ ਜਿਲ੍ਹਾ ਸਿਖਿਆ ਅਫਸਰ (ਸ,ਸ) ਬਠਿੰਡਾ

ਵੱਲ,

ਸਬੰਧਿਤ ਸਕੂਲ ਮੁੱਖੀ

ਜਿਲ੍ਹਾ ਬਠਿੰਡਾ।

ਪੱਤਰ ਨੰ ਲ-6/2024/2006

ਮਿਤੀ 09-09-24

ਵਿਸ਼ਾ ਭਾਰਤ ਸਰਕਾਰ ਵੱਲੋ ਸ਼ੁਰੂ ਕੀਤੀ ਗਈ PM Shri School Scheme ਸਬੰਧੀ।

ਹਵਾਲਾ ਮੁੱਖ ਦਫਤਰ ਦੇ ਪੱਤਰ ਨੰ SSA/Plan/2024/192350 ਮਿਤੀ 05-08-2024 ਅਤੇ ਭਾਰਤ ਸਰਕਾਰ ਦਾ D.O.No.1-5/2024-IS-19 ਮਿਤੀ 30.07.24 ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ (ਨਾਲ ਨੱਥੀ) ਸਬੰਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਸਰਕਾਰ ਵੱਲੋ PM Shri School Scheme ਸ਼ੁਰੂ ਕੀਤੀ ਗਈ ਹੈ। ਜਿਸ ਤਹਿਤ NEP-2020 ਲਾਗੂ ਕਰਨ ਹਿੱਤ ਹਰੇਕ ਬਲਾਕ ਦੇ 2-2 ਸਕੂਲਾਂ (Elementary/High/Senior Secondary) ਦੀ ਚੋਣ ਕੀਤੀ ਜਾਣੀ ਹੈ । ਚੁਣੇ ਗਏ ਸਕੂਲਾਂ ਵਿੱਚ NEP-2020 ਦੇ ਸਾਰੇ Parameters ਲਾਗੂ ਕੀਤੇ ਜਾਣਗੇ ਅਤੇ ਯੂ ਡਾਈਸ ਦੇ ਅਧਾਰ ਤੇ Infrastructure Gap ਪੂਰੇ ਕਰਨ ਲਈ funding ਕੀਤੀ ਜਾਵੇਗੀ। ਇਸ ਸਕੀਮ ਦਾ Concept Note ਇਸ ਪੱਤਰ ਨਾਲ ਨੱਥੀ ਹੈ ਜਿਸ ਵਿੱਚ ਵਿਸਤ੍ਰਿਤ ਜਾਣਕਾਰੀ ਦਿੱਤੀ ਗਈ ਹੈ।

ਭਾਰਤ ਸਰਕਾਰ ਵੱਲੋ ਨਿਰਧਾਰਿਤ Parameters ਅਨੁਸਾਰ ਬਠਿੰਡਾ ਦੇ 332 ਸਕੂਲ (ਨਾਲ ਨੱਥੀ ਲਿਸਟ ਅਨੁਸਾਰ) ਇਸ਼ ਸਕੀਮ ਲਈ Qualify ਕੀਤੇ ਗਏ ਹਨ। ਭਾਰਤ ਸਰਕਾਰ ਵੱਲੋ ਹਰੇਕ ਬਲਾਕ ਦੇ 2 ਸਕੂਲਾਂ ਦੀ ਚੋਣ Challenge Mode ਰਾਹੀ ਕੀਤੀ ਜਾਵੇਗੀ ਜਿਸ ਦੇ ਲਈ ਭਾਰਤ ਸਰਕਾਰ ਵੱਲੋ ਪੋਰਟਲ https://pmshrischools.edudcation.gov.in/ ਤਿਆਰ ਕੀਤਾ ਗਿਆ ਹੈ ਜਿਸ ਤੇ ਮਿਤੀ 15-08-24 ਤੱਕ ਅਪਲਾਈ ਕੀਤਾ ਜਾ ਸਕਦਾ ਹੈ।

ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਸਕੀਮ ਲਈ ਨਾਲ ਨੱਥੀ ਲਿਸਟ ਅਨੁਸਾਰ ਸਕੂਲਾਂ ਦੇ ਯੂਜਰ ਐਕਟੀਵੇਟ ਕਰ ਦਿੱਤੇ ਗਏ ਹਨ। ਸਬੰਧਿਤ ਸਕੂਲ Login ਕਰਨ ਲਈ ਪੋਰਟਲ ਤੇ ਦਿੱਤੇ ਲਿੰਕ ਤੇ ਸਕੂਲ ਮੁੱਖੀ ਪ੍ਰਿੰਸੀਪਲ ਦਾ ਮੋਬਾਇਲ ਨੰ ਅਤੇ ਯੂ ਡਾਈਸ ਕੋਡ ਦਰਜ ਕਰਨਗੇ ਅਤੇ ਇਸ ਉਪਰੰਤ ਮੋਬਾਇਲ ਤੇ OTP ਪ੍ਰਾਪਤ ਹੋਣ ਤੇ Loginਕਰਨਗੇ ਅਤੇ ਦਿੱਤੇ ਗਏ ਪ੍ਰੋਫਾਰਮੇ ਨੂੰ ਭਰਨਗੇ। ਮੁਖ ਦਫਤਰ ਦੁਆਰਾ ਭੇਜੇ ਗਏ ਹਵਾਲਾ ਅਧੀਨ ਪੱਤਰ ਅਨੁਸਾਰ ਪ੍ਰੋਫਾਰਮੇ ਨੂੰ ਮਿਤੀ 15-08-24ਤੱਕ ਭਰਨਾ ਯਕੀਨੀ ਬਣਾਇਆ ਜਾਵੇ। ਪੋਰਟਲ ਤੇ ਅਪਲਾਈ ਕਰਨ ਸਮੇ ਜੇਕਰ ਕਿਸੇ ਸਕੂਲ ਨੂੰ ਕੋਈ ਮੁਸ਼ਕਿਲ ਆਉਂਦੀ ਹੈ ਤਾਂ ਆਪਣੇ ਬਲਾਕ ਦੇ ਐਮ.ਆਈ.ਐਸ.ਨਾਲ ਸੰਪਰਕ ਕੀਤਾ ਜਾਵੇ।

ਜਿਲ੍ਹਾ ਸਿੱਖਿਆ ਅਫਸਰ (ਸੈ,ਸਿ)

ਬਠਿੰਡਾ ।

09/09/24